# ਪੰਜਾਬੀ ਲਈ ਪਾਲ ਕੌਰ ਨੂੰ ਸਾਹਿਤ ਅਕਾਦਮੀ ਪੁਰਸਕਾਰ

## ਹਿੰਦੀ ਲਈ ਗਗਨ ਗਿੱਲ ਤੇ ਅੰਗਰੇਜ਼ੀ ਲਈ ਈਸਟਰਿਨ ਕੀਰੇ ਨੂੰ ਪੁਰਸਕਾਰ

**ਮਿਸਰਦੀਪ ਭਾਟੀਆ**

ਨਵੀਂ ਦਿੱਲੀ, 18 ਦਸੰਬਰ-ਸਾਹਿਤ ਅਕਾਦਮੀ ਵਲੋਂ ਕਰਵਾਈ ਗਈ ਇਕ ਪ੍ਰੈੱਸ ਕਾਨਫਰੰਸ ਵਿਚ ਸਾਹਿਤ ਅਕਾਦਮੀ ਦੁਆਰਾ ਪੁਰਸਕਾਰ 2024 ਦਾ ਐਲਾਨ ਕਰ ਦਿੱਤਾ ਗਿਆ ਹੈ। ਸਾਹਿਤ ਅਕਾਦਮੀ ਦੇ ਸਕੱਤਰ ਕੇ. ਸ੍ਰੀਨਿਵਾਸਰਾਓ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਪੁਰਸਕਾਰ 21 ਭਾਸ਼ਾਵਾਂ ਲਈ ਐਲਾਨੇ ਗਏ ਹਨ, ਜਿਨ੍ਹਾਂ ਵਿਚ 8 ਕਵਿਤਾ ਸੰਗ੍ਰਹਿ, ਤਿੰਨ ਨਾਵਲ, ਦੋ ਕਹਾਣੀ ਸੰਗ੍ਰਹਿ, ਤਿੰਨ ਨਿਬੰਧ, ਤਿੰਨ ਸਾਹਿਤਕ ਆਲੋਚਨਾ, ਇਕ ਨਾਟਕ ਅਤੇ ਇਕ ਖੋਜ ਪੁਸਤਕ ਸ਼ਾਮਿਲ ਹੈ। ਬੰਗਲਾ, ਡੋਗਰੀ ਅਤੇ ਉਰਦੂ ਵਿਚ ਪੁਰਸਕਾਰਾਂ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ। ਪੁਰਸਕਾਰਾਂ ਦੀ ਸਿਫ਼ਾਰਸ਼ 21 ਭਾਰਤੀ ਭਾਸ਼ਾਵਾਂ ਦੀਆਂ ਜਿਊਰੀ ਕਮੇਟੀਆਂ ਦੁਆਰਾ ਕੀਤੀ ਗਈ ਸੀ ਅਤੇ ਸਾਹਿਤ ਅਕਾਦਮੀ ਦੇ ਪ੍ਰਧਾਨ ਸ੍ਰੀ ਮਾਧਵ ਕੌਸ਼ਿਕ ਦੀ ਪ੍ਰਧਾਨਗੀ ਹੇਠ ਆਯੋਜਿਤ ਅਕਾਦਮੀ ਦੇ ਕਾਰਜਕਾਰੀ ਬੋਰਡ ਦੀ



ਪਾਲ ਕੌਰ

(ਬਾਕੀ ਸਫ਼ਾ 2 ਕਾਲਮ 5)